ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ
ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ. ਨਗਰ
(ਅਮਲਾ-1 ਸ਼ਾਖਾ)

ਹੁਕਮ ਨੰ: 11/67-2015ਅ-1(4,8)/ 751
ਮਿਤੀ:-27.03.2017

## ਨਵੇਂ ਪਦ-ਉੱਨਤ/ ਪ੍ਰੋਵੀਜ਼ਨਲ ਪਦ-ਉੱਨਤ ਲੈਕਚਰਾਰਾਂ ਲਈ ਨੋਟਿਸ

ਇਸ ਦਫਤਰ ਦੇ ਹੁਕਮ ਨੰ: 11/67-2015ਅ-1(4,8)/485 ਮਿਤੀ 27.02.2017 ਰਾਹੀਂ ਵਿਭਾਗ ਵੱਲੋਂ ਵੱਖ-ਵੱਖ ਵਿਸ਼ੇ ਦੇ ਮਾਸਟਰ/ ਮਿਸਟ੍ਰੈਸਾਂ ਨੂੰ ਬਤੌਰ ਲੈਕਚਰਾਰ ਵੱਖ-ਵੱਖ ਵਿਸ਼ਿਆਂ ਵਿੱਚ ਪ੍ਰੋਵੀਜ਼ਨਲ/ ਪੱਕੇ ਤੌਰ ਤੇ ਪਦ-ਉੱਨਤ ਕੀਤਾ ਗਿਆ ਹੈ। ਇਸ ਦਫਤਰ ਦੇ ਹੁਕਮ ਨੰ: 11/67-2015ਅ-1(4,8) ਮਿਤੀ 16.03.2017 ਰਾਹੀਂ ਨੋਟਿਸ ਜਾਰੀ ਕੀਤਾ ਗਿਆ ਸੀ ਕਿ ਜੋ ਕਰਮਚਾਰੀ ਕਿਸੇ ਹੋਰ ਵਿਭਾਗ ਜਾਂ ਯੂ.ਟੀ. (ਚੰਡੀਗੜ੍ਹ) ਪ੍ਰਸ਼ਾਸਨ ਵਿੱਚ ਡੈਪੂਟੇਸ਼ਨ ਤੇ ਹਨ ਅਤੇ ਉਹਨਾਂ ਦੀ ਬਤੌਰ ਲੈਕਚਰਾਰ ਪਦ-ਉੱਨਤੀ ਹੋਈ ਹੈ, ਉਹ ਆਪਣੇ ਡੈਪੂਟੇਸ਼ਨ ਵਾਲੇ ਵਿਭਾਗ/ ਯੂ.ਟੀ. (ਚੰਡੀਗੜ੍ਹ) ਪ੍ਰਸ਼ਾਸਨ ਤੋਂ ਫਾਰਗ ਹੋ ਕੇ ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਦੀ ਅਮਲਾ-1 ਸ਼ਾਖਾ ਵਿਖੇ ਆਪਣੀ ਹਾਜ਼ਰੀ ਰਿਪੋਰਟ ਦੇਣ।

ਹੁਣ ਵਿਭਾਗ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਜੋ ਮਾਸਟਰ/ ਮਿਸਟ੍ਰੈਸ ਚੰਡੀਗੜ੍ਹ ਯੂ.ਟੀ. ਵਿਖੇ ਡੈਪੂਟੇਸ਼ਨ ਤੇ ਕੰਮ ਕਰ ਰਹੇ ਹਨ, ਉਹ ਬਤੌਰ ਲੈਕਚਰਾਰ ਸਟੇਸ਼ਨ ਚੋਣ ਹੋਣ ਤੱਕ ਡੈਪੂਟੇਸ਼ਨ ਵਾਲੇ ਸਥਾਨ ਤੇ ਹੀ ਡਿਊਟੀ ਕਰਨਗੇ। ਸਟੇਸ਼ਨ ਚੋਣ ਹੋਣ ਉਪਰੰਤ ਉਹ ਕਰਮਚਾਰੀ ਡੈਪੂਟੇਸ਼ਨ ਵਾਲੇ ਵਿਭਾਗ ਤੋਂ ਫਾਰਗ ਹੋ ਕੇ ਆਪਣੇ ਨਵੇਂ ਅਲਾਟ ਹੋਏ ਸਟੇਸ਼ਨ ਤੇ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕਰਨੀ ਯਕੀਨੀ ਬਣਾਉਣਗੇ।

ਇਹ ਨੋਟਿਸ ਮਾਨਯੋਗ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਜੀ ਦੀ ਪ੍ਰਵਾਨਗੀ ਅਨੁਸਾਰ ਜਾਰੀ ਕੀਤਾ ਜਾ ਰਿਹਾ ਹੈ।

ਸਹਾਇਕ ਡਾਇਰੈਕਟਰ (ਸ:ਪ੍ਰ:-1)